

# ਅਕਸਰ ਪੁੱਛੇ ਜਾਣ ਵਾਲੇ ਸਵਾਲ

# ਕਾਈਓਟੀ ਸਮਾਰਟ ਬਣੋ

## ਬ੍ਰੈਂਪਟਨ ਵਿੱਚ ਕਾਈਓਟੀਸ ਇੰਨੇ ਕਿਉਂ ਦਿਖਾਈ ਦਿੰਦੇ ਹਨ? ਸਿਟੀ ਉਹਨਾਂ ਨੂੰ ਕਿਸੇ ਹੋਰ ਥਾਂ ਤੇ ਕਿਉਂ ਨਹੀਂ ਭੇਜਦੀ?

- ਹਾਲਾਂਕਿ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਸ਼ਹਿਰ ਦੀ ਸੜਕ ਜਾਂ ਫੁੱਟਪਾਥ ਤੇ ਕਾਈਓਟੀਸ ਦੇਖਣਾ ਅਸਾਧਾਰਨ ਹੈ, ਇਹ ਅਸਲ ਵਿੱਚ ਬਹੁਤ ਆਮ ਹੈ। ਉਹ ਬਹੁਤ ਅਨੁਕੂਲ ਜਾਨਵਰ ਹਨ ਅਤੇ ਪੇਂਡੂ ਖੇਤਰਾਂ ਵਿੱਚ ਵਧਦੇ-ਫੁੱਲਦੇ ਹਨ, ਪਰ ਬ੍ਰੈਂਪਟਨ ਵਰਗੇ ਵੱਡੇ ਸ਼ਹਿਰਾਂ ਵਿੱਚ ਖੱਡਾਂ, ਘਾਟੀ ਦੀਆਂ ਜ਼ਮੀਨਾਂ ਅਤੇ ਜੰਗਲੀ ਖੇਤਰਾਂ ਵਿੱਚ ਵੀ ਚੰਗੀ ਤਰ੍ਹਾਂ ਰਹਿੰਦੇ ਹਨ।
- ਕਾਈਓਟੀਸ ਨੂੰ ਕਿਸੇ ਹੋਰ ਥਾਂ ਤੇ ਭੇਜਣਾ ਜਾਂ ਮਾਰਨਾ ਵਿਕਲਪ ਨਹੀਂ ਹੈ, ਇਹਨਾਂ ਨੂੰ ਫੜ੍ਹਨਾ ਬੇਹੱਦ ਮੁਸ਼ਕਲ ਹੈ ਅਤੇ ਇਹ ਅਸਥਾਈ ਉਪਾਅ ਹੈ। ਜੇਕਰ ਕਿਸੇ ਕਾਈਓਟੀ ਨੂੰ ਹਟਾਇਆ ਜਾਂਦਾ ਹੈ, ਤਾਂ ਇਸਦੇ ਨਤੀਜੇ ਵਜੋਂ ਹੋਰ ਖੇਤਰ ਵਿੱਚ ਆ ਜਾਣਗੇ।
- ਓਨਟੈਰੀਓ ਦੇ ਫਿਸ਼ ਐਂਡ ਵਾਈਲਡਲਾਈਫ ਕਨਜਰਵੇਸ਼ਨ ਐਕਟ (Fish and Wildlife Conservation Act) ਹੇਠ, ਕਾਈਓਟੀਸ ਨੂੰ ਫੜ੍ਹਨ ਅਤੇ ਇੱਕ ਕਿਲੋਮੀਟਰ ਤੋਂ ਵੱਧ ਦੂਰ ਤੱਕ ਛੱਡਣ ਦੀ ਇਜਾਜ਼ਤ ਨਹੀਂ ਹੈ।

## ਸਾਲ ਦੇ ਕਿਸੇ ਸਮੇਂ ਇਹ ਬ੍ਰੈਂਪਟਨ ਵਿੱਚ ਵੱਧ ਕਿਉਂ ਦਿਖਾਈ ਦਿੰਦੇ ਹਨ?

- ਸੀਜਨ ਦੇ ਅਧਾਰ ਤੇ, ਇਹ ਵੱਧ ਜਾਂ ਘੱਟ ਦਿਖਾਈ ਦਿੰਦੇ ਹਨ। ਹਰੇਕ ਸਰਦੀ ਵਿੱਚ, ਵਾਤਾਵਰਣ ਵਿੱਚ ਬਦਲਾਅ ਦੇ ਕਾਰਨ ਕਾਈਓਟੀਸ, ਵੱਧ ਦਿਖਾਈ ਦਿੰਦੇ ਹਨ ਕਿਉਂਕਿ ਉਹਨਾਂ ਲਈ ਘੁਲਣ-ਮਿਲਣ ਵਾਸਤੇ ਕਾਫੀ ਘੱਟ ਵਿਕਲਪ ਹੁੰਦੇ ਹਨ।
- ਜਨਵਰੀ ਦੇ ਅੰਤ ਤੋਂ ਲੈ ਕੇ ਫਰਵਰੀ ਦੇ ਮੱਧ ਵਿੱਚ ਮੇਲ ਕਰਨ ਦਾ ਸੀਜਨ ਹੁੰਦਾ ਹੈ ਅਤੇ ਉਸਦੇ ਜਲਦੀ ਬਾਅਦ, ਬਸੰਤ ਵਿੱਚ ਬੱਚੇ ਪੈਦਾ ਕਰਨ ਦਾ ਸੀਜਨ ਹੁੰਦਾ ਹੈ। ਇਸ ਸਮੇਂ ਦੇ ਦੌਰਾਨ, ਕਾਈਓਟੀਸ ਦੀ ਵੱਧ ਫੈਲਣ ਦੀ ਸੰਭਾਵਨਾ ਹੁੰਦੀ ਹੈ ਕਿਉਂਕਿ ਉਹ ਖਾਲੀ ਇਲਾਕੇ ਜਾਂ ਮੇਲ ਲਈ ਸੰਭਾਵੀ ਸਾਥੀ ਜਾਂ ਗੁਫਾ ਵਾਲੀਆਂ ਥਾਵਾਂ ਲੱਭਦੇ ਹਨ।
- ਮਨੁੱਖੀ ਵਿਵਹਾਰਾਂ ਦੇ ਕਾਰਨ ਵੀ ਇਹਨਾਂ ਦਾ ਦਿਖਾਈ ਦੇਣਾ ਵਧ ਗਿਆ ਹੈ, ਜਿਸਦੇ ਨਤੀਜੇ ਵਜੋਂ ਕਾਈਓਟੀਸ ਵਧੇਰੇ ਅਰਾਮਦਾਇਕ ਮਹਿਸੂਸ ਕਰਦੇ ਹਨ ਅਤੇ ਘਰਾਂ ਤੱਕ ਵਾਰ-ਵਾਰ ਪਹੁੰਚ ਜਾਂਦੇ ਹਨ (ਜਿਵੇਂ ਹੱਥ ਨਾਲ ਖਵਾਉਣਾ, ਯਾਰਡਾਂ ਦੀ ਸਫਾਈ ਨਾ ਕਰਨਾ, ਕੁੱਤਿਆਂ ਨੂੰ ਬਿਨਾਂ ਜੰਜੀਰ ਬੰਨ੍ਹੇ ਘੁੰਮਾਉਣਾ)।

## ਮੈਂ ਕਾਈਓਟੀਸ ਨੂੰ ਆਪਣੇ ਘਰ ਵਿੱਚ ਆਉਣ ਤੋਂ ਰੋਕਣ ਵਿੱਚ ਕਿਵੇਂ ਮਦਦ ਕਰ ਸਕਦਾ ਹਾਂ?

- **ਕਦੇ ਵੀ ਜੰਗਲੀ ਜਾਨਵਰਾਂ ਨੂੰ ਭੋਜਨ ਨਾ ਖਵਾਓ।** ਤੁਹਾਡੀ ਪ੍ਰਾਪਰਟੀ ਤੇ ਭੋਜਨ ਦੇ ਸਰੋਤ, ਰੋਡੈਂਟਸ ਅਤੇ ਹੋਰ ਛੋਟੇ ਜਾਨਵਰਾਂ ਨੂੰ ਆਕਰਸ਼ਿਤ ਕਰਦੇ ਹਨ, ਜੋ ਕਾਈਓਟੀਸ ਦੇ ਭੋਜਨ ਸਰੋਤ ਹਨ।
- **ਆਪਣੇ ਕੂੜੇ ਨੂੰ ਪਿਕ ਅੱਪ ਦੇ ਦਿਨ ਹੀ ਬਾਹਰ ਰੱਖੋ।** ਆਪਣੇ ਕੂੜੇ ਦੇ ਡੱਬਿਆਂ ਨੂੰ ਢਕ ਕੇ, ਜੰਗਲੀ ਜਾਨਵਰਾਂ ਤੋਂ ਸੁਰੱਖਿਅਤ ਖੇਤਰ ਵਿੱਚ ਹੀ ਰੱਖੋ।
- **ਆਪਣੇ ਰੁੱਖਾਂ ਜਾਂ ਗਾਰਡਨਾਂ ਵਿੱਚੋਂ ਪੱਕੇ ਹੋਏ ਫਲ ਜਾਂ ਸਬਜ਼ੀਆਂ ਤੋੜ ਲਵੋ।** ਜਿਵੇਂ ਹੀ ਕੋਈ ਗਲਿਆ ਹੋਇਆ ਫਲ ਜ਼ਮੀਨ ਉੱਤੇ ਡਿੱਗੇ, ਤੁਰੰਤ ਉਸਨੂੰ ਹਟਾ ਦਿਓ ਅਤੇ ਸੀਜਨ ਦੇ ਅੰਤ ਵਿੱਚ ਆਪਣੇ ਗਾਰਡਨਾਂ ਨੂੰ ਸਾਫ ਕਰੋ।
- **ਪਾਲਤੂ ਜਾਨਵਰਾਂ ਨੂੰ ਬਾਹਰ ਇਕੱਲੇ ਨਾ ਛੱਡੋ।** ਤੁਹਾਡੇ ਆਪਣੇ ਬੈਕਯਾਰਡ ਵਿੱਚ ਆਪਣੇ ਪਾਲਤੂ ਜਾਨਵਰ ਦੀ ਰਖਵਾਲੀ ਕਰਨਾ, ਉਹਨਾਂ ਲਈ ਸਭ ਤੋਂ ਵਧੀਆ ਬਚਾਅ ਹੈ।
- **ਵਾੜਾਂ ਅਤੇ ਡੈੱਕ ਜਾਂ ਸ਼ੈੱਡਸ ਦੇ ਹੇਠਾਂ ਕਿਸੇ ਵੀ ਮੋਰੀਆਂ ਨੂੰ ਭਰ ਦਿਓ।**

## ਜੇਕਰ ਕਾਈਓਟੀ ਮੇਰੇ ਕੋਲ ਆ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

- **ਰੁਕੋ।** ਜੇ ਲੋੜ ਹੋਵੇ ਤਾਂ ਬੱਚਿਆਂ ਅਤੇ ਛੋਟੇ ਪਾਲਤੂ ਜਾਨਵਰਾਂ ਨੂੰ ਚੁੱਕ ਲਵੋ।



- **ਉੱਥੇ ਹੀ ਖੜ੍ਹੇ ਰਹੋ।** ਕਦੇ ਵੀ ਕਾਈਓਟੀ ਤੋਂ ਦੂਰ ਨਾ ਭੱਜੋ।



- **ਖੁਦ ਨੂੰ ਵੱਡਾ ਬਣਾਓ।** ਗੁੱਸੇ ਵਿੱਚ ਦਿਖੋ, ਸਿੱਧੇ ਖੜ੍ਹੇ ਰਹੋ, ਆਪਣੀਆਂ ਬਾਹਵਾਂ ਨੂੰ ਹਵਾ ਵਿੱਚ ਉੱਚਾ ਹਿਲਾਓ।



- **ਉੱਚੀ ਬੋਲੋ ਅਤੇ ਦ੍ਰਿੜ੍ਹ ਰਹੋ।** ਚੀਕੋ, ਆਪਣੇ ਪੈਰਾਂ ਨੂੰ ਜ਼ੋਰ-ਜ਼ੋਰ ਨਾਲ ਜ਼ਮੀਨ ਤੇ ਮਾਰੋ ਜਾਂ ਆਪਣੇ ਹੱਥਾਂ ਨਾਲ ਤਾਲੀ ਵਜਾਓ। ਕੋਈ ਸ਼ੋਰ ਕਰਨ ਵਾਲਾ ਉਪਕਰਨ ਨਾਲ ਰੱਖੋ, ਜਿਵੇਂ ਸੀਟੀ, ਠਾਹ ਦੀ ਅਵਾਜ਼ ਕਰਨ ਲਈ ਪਲਾਸਟਿਕ ਬੈਗ ਜਾਂ ਛਤਰੀ



- **ਲੜੋ।** ਡਰਾਉਣ ਅਤੇ ਰੋਕਣ ਲਈ, ਕਾਈਓਟੀ ਦੀ ਸਧਾਰਨ ਦਿਸ਼ਾ ਵੱਲ ਕੁਝ ਸੋਟੀਆਂ ਅਤੇ ਪੱਥਰ ਸੁੱਟੋ। ਇਹਨਾਂ ਨੂੰ ਸਿੱਧੇ ਕਾਈਓਟੀ ਤੇ ਨਾ ਸੁੱਟੋ।



- ਹੌਲੀ-ਹੌਲੀ ਪਿੱਛੇ ਹਟੋ। ਅੱਖਾਂ ਦਾ ਸੰਪਰਕ ਬਣਾ ਕੇ ਰੱਖੋ ਅਤੇ ਯਾਦ ਰੱਖੋ, ਕਦੇ ਵੀ ਭੱਜੋ ਨਾ।



ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਇਸਨੂੰ ਆਪਣੇ ਬੱਚਿਆਂ ਨਾਲ ਸਾਂਝਾ ਕਰੋ, ਤਾਂ ਜੋ ਉਹ ਵੀ ਜਾਣ ਸਕਣ ਕਿ ਕਾਈਓਟੀ ਲਈ ਸੁਰੱਖਿਅਤ ਰੂਪ ਨਾਲ ਪ੍ਰਤੀਕਿਰਿਆ ਕਿਵੇਂ ਕਰਨੀ ਹੈ। ਜੇਕਰ ਕਾਈਓਟੀ, ਪਬਲਿਕ ਸੁਰੱਖਿਆ ਲਈ ਤਤਕਾਲੀ ਖਤਰਾ ਹੋਵੇ, **ਤਾਂ 911 ਤੇ ਫੋਨ ਕਰੋ।**

City of Brampton
**Animal Services**

ਕਾਈਓਟੀਸ ਦੇ ਨਾਲ ਰਹਿਣ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇਹਨਾਂ ਨੂੰ ਸੰਪਰਕ ਕਰੋ:

ਮਿਨਿਸਟਰੀ ਆਫ ਨੈਚੁਰਲ ਰਿਸੋਰਸਿਜ ਐਂਡ ਫੋਰੈਸਟਰੀ
**www.ontario.ca/mnrf**
**1-800-667-1940**

ਕਾਈਓਟੀ ਵਾਚ ਕੈਨੇਡਾ
**www.coyotewatchcanada.com**
**905-931-2610**

ਸਿਟੀ ਆਫ ਬ੍ਰੈਂਪਟਨ ਐਨੀਮਲ ਸਰਵਿਸਿਜ
475 ਕ੍ਰਾਇਸਲਰ ਡ੍ਰਾਈਵ (475 Chrysler Drive)
**www.brampton.ca/animalservices**
**905-458-5800**

3-1-1 **brampton.ca**/animalservices

BRAMPTON